ਜਮਾਤ:- ਚੌਥੀਂ

## ਪਾਠ-ਯੋਜਨਾ

## "ਇੱਕ ਟੁਕੜੀ ਜੱਗ ਤੋਂ ਨਿਆਰੀ"

ਕਵੀ:- ਭਾਈ ਵੀਰ ਸਿੰਘ ਜੀ

**ਸਹਾਇਕ ਸਮੱਗਰੀ:**

ਪਾਠ-ਪੁਸਤਕ (ਲਾਜ਼ਮੀ ਪੰਜਾਬੀ), ਬਲੈਕ-ਬੋਰਡ, ਚਾਕ, ਡਸਟਰ, ਸਮਾਰਟ ਬੋਰਡ ਤੇ ਤਸਵੀਰਾਂ

**ਪਾਠ-ਦਾ-ਉਦੇਸ਼:-**

- ਕੁਦਰਤ ਪ੍ਰਤੀ ਵਿਦਿਆਰਥੀਆਂ ਦੀ ਖਿੱਚ ਨੂੰ ਵਧਾਉਣਾ।
- ਪ੍ਰਮਾਤਮਾ ਦੀ ਬਣਾਈ ਕਾਇਨਾਤ ਬਾਰੇ ਜਾਣਕਾਰੀ ਦੇਣਾ।
- ਪ੍ਰਮਾਤਮਾ ਦੀ ਬਣਾਈ ਕੁਦਰਤ ਨੂੰ ਪਿਆਰ ਕਰਨਾ ਤੇ ਪ੍ਰਮਾਤਮਾ ਦੀ ਸਿਫਤ-ਸਲਾਹ ਕਰਨੀ।

**ਪੂਰਵ-ਗਿਆਨ ਦੀ ਪਰਖ:-**

- ਕੁਦਰਤ ਤੇ ਕਾਦਰ ਬਾਰੇ ਕੀ ਜਾਣਦੇ ਹੋ?
- ਜਿਹੜੇ ਪਹਾੜੀ ਇਲਾਕੇ ਦੀ ਤੁਲਨਾ ਸਵਰਗ ਨਾਲ ਕੀਤੀ ਜਾਂਦੀ ਹੈ?
- ਤੁਹਾਡੇ ਵਿੱਚੋਂ ਕਸ਼ਮੀਰ ਕੌਣ ਗਿਆ ਹੈ?

## ਸ਼ਬਦਾਵਲੀ :

ਇੱਛਾ, ਝਰਨਾ, ਅਰਸ਼, ਛਿਪਰ, ਦ੍ਰਿਸ਼-ਸੋਹਕ, ਨਸਜ਼, ਛੂਰ ਅਸਮਾਨੀ ਆਦਿ।

## ਵਿਸ਼ਾ :-

ਇਹ ਕਵਿਤਾ ਕਸ਼ਮੀਰ ਘਾਟੀ ਦੀ ਸੁੰਦਰਤਾ ਨੂੰ ਬਿਆਨ ਕਰਦੀ ਹੈ। ਇਹ ਘਾਟੀ ਸਵਰਗ ਵਾਂਗ ਸਜਦੀ ਹੈ। ਇਸ ਦੀ ਰਚਨਾ ਖੁਦ ਕੁਦਰਤ ਦੀ ਦੇਵੀ ਨੇ ਕੀਤੀ ਹੈ। ਉੱਚੇ ਉੱਚੇ ਬਰਫ਼ ਨਾਲ ਢੱਕੇ ਪਹਾੜ, ਖ਼ੂਬਸੂਰਤ ਘਾਟੀਆਂ, ਆਕਰਸ਼ਿਤ ਝਰਨੇ, ਖੁੱਲ੍ਹੇ ਮੈਦਾਨ ਦਰਸਾਉਂਦੀ ਖ਼ੂਬਸੂਰਤ ਦੀ ਬੇਮਿਸਾਲ ਉਦਾਹਰਣ ਹਨ। ਕਵਿਤਾ ਪੜ੍ਹਨ ਤੋਂ ਬਾਅਦ ਇਕ ਕਸ਼ਮੀਰ ਦੀ ਸੈਰ ਕਰਨ ਲਈ ਮਚਲ ਉੱਠਦਾ ਹੈ। ਇੰਝ ਜਾਪਦਾ ਹੈ ਜਿਵੇਂ ਪ੍ਰਮਾਤਮਾ ਕਸ਼ਮੀਰ ਵਿੱਚ ਆਪ ਨਿਵਾਸ ਕਰਦਾ ਹੈ।

## ਵਿਧੀ :-

ਕਵਿਤਾ ਜਮਾਤ ਵਿੱਚ ਬੱਚਿਆਂ ਤੋਂ ਪੜ੍ਹਾਈ ਜਾਵੇਗੀ। ਪੜ੍ਹਦੇ ਸਮੇਂ ਸ਼ੁੱਧ ਉਚਾਰਣ ਵੱਲ ਧਿਆਨ ਦਿੱਤਾ ਜਾਵੇਗਾ। ਪ੍ਰਸੰਗ ਸਹਿਤ ਵਿਆਖਿਆ ਕਰਵਾਈ ਜਾਵੇਗੀ। ਔਖੇ ਸ਼ਬਦਾਂ ਦੇ ਅਰਥ ਕਰਵਾਏ ਜਾਣਗੇ। ਅਭਿਆਸ ਵਿੱਚ ਆਏ ਪ੍ਰਸ਼ਨ ਅਤੇ ਕਥਨ ਮੌਖਿਕ ਰੂਪ ਵਿੱਚ ਕਰਵਾਏ ਜਾਣਗੇ। ਵਿਆਖਿਆ ਕਰਵਾਉਂਦੇ ਸਮੇਂ ਪ੍ਰਸ਼ਨ ਵੀ ਪੁੱਛੇ ਜਾਣਗੇ। ਕਸ਼ਮੀਰ ਦੀ ਸੁੰਦਰਤਾ ਨੂੰ ਤਸਵੀਰਾਂ ਦੇ ਨਾਲ ਪੇਸ਼ ਕੀਤਾ ਜਾਵੇਗਾ।

## ਮੁਲਾਂਕਣਾਤਮਕ ਕਾਰਜ :-

ਬੱਚਿਆਂ ਦੀ ਸਮਗਰਿਤਾ ਆਕ ਵਿੱਚ ਕਮਜ਼ੋਰੀ ਲਿਖੀ ਜਾਏਗੀ ਤੇ ਜਿਸ ਬੱਚੇ ਨੂੰ ਕਿਸ ਕਮਜ਼ੋਰੀ ਦੀ ਪੈਨ ਪਹਿਚਾਣ ਕਰੀ ਲਿਆ ਜਾਏਗਾ। ਕਮਜ਼ੋਰੀ ਤਾ ਕੇ ਸੁਧਾਰੀ ਜਾਏਗੀ।

## ਘਰ ਦਾ ਕੰਮ:

ਪਾਠ ਤੇ ਆਧਾਰਿਤ assignment ਦਿੱਤੀ ਜਾਏਗੀ ਤੇ ਬੱਚਿਆਂ ਨੂੰ ਆਪਣੀ ਦਿੱਤ ਦਰਜ ਕਰੀ ਲਿਆ ਜਾਏਗਾ।

—o—

# ਪਾਠ-ਯੋਜਨਾ: "ਤਾਜ ਮਹਲ"

ਰਚੀ: ਪ੍ਰੋ. ਮੋਹਨ ਸਿੰਘ

**ਸਹਾਇਕ ਸਮੱਗਰੀ:-** ਬਲੈਕ ਬੋਰਡ, ਚਾਕ, ਡਸਟਰ, ਪਾਠ-ਪੁਸਤਕ (ਸਾਹਿਤ ਪੰਜਾਬੀ 12), ਸਮਾਚਾਰ-ਬੋਰਡ, ਤਾਜ ਤਸਵੀਰਾਂ।

**ਪਾਠ ਦਾ ਉਦੇਸ਼:-**

ਤਾਜਮਹੱਲ ਦੀ ਖੂਬਸੂਰਤੀ ਨੂੰ ਬਿਆਨ ਕਰਦੇ ਹੋਏ ਉਸ ਨੂੰ ਬਣਾਉਣ ਵਾਲੇ ਮਜ਼ਦੂਰਾਂ ਅਤੇ ਮਜ਼ਦੂਰਨੀਆਂ ਦੇ ਦਰਦ ਨੂੰ ਬਿਆਨ ਕਰਨਾ।

**ਪੂਰਵ-ਗਿਆਨ ਦੀ ਪਰਖ:-**

1. ਸੰਸਾਰ ਦੇ ਅੱਠ ਅਜੂਬਿਆਂ ਦਾ ਨਾਂ ਦੱਸੋ।
2. ਭਾਰਤ ਵਿਚੋਂ ਕਿਹੜੇ ਅਜੂਬੇ ਉਸ ਸੂਚੀ ਵਿੱਚ ਸ਼ਾਮਲ ਹਨ।

3. ਤਾਜਮਹੱਲ ਨੂੰ ਕਿਸ ਨੇ ਤੇ ਕਿਸ ਦੀ ਯਾਦ ਵਿੱਚ ਬਣਵਾਇਆ ਸੀ?

4. ਕੀ ਤੁਸੀਂ ਕਦੇ ਤਾਜਮਹੱਲ ਗਏ ਹੋ?

## ਸ਼ਬਦਾਵਲੀ :-

ਮਰਮਰ, ਮੁਗ਼ਲ, ਹਜ਼ੀਰੇ, ਤੁੰਬੇ, ਨੀਂਹਾਂ, ਜਮਨਾ, ਲੋਟ ਵਿਛੁੜੀ, ਦਸੰਬ, ਹੈਰਤ, ਸ਼ਕਾਰਦੇ, ਅੰਬਰ, ਮਜ਼ੂਰ, ਦੁਰਮਟ, ਪਰਸਦੇ, ਚੋਰਾ, ਬਿਆਈਆਂ, ਸ਼ਕਾਟਾਂ, ਫਕਰਾ ਆਦਿ।

## ਵਿਸ਼ਾ :-

ਕਲਾ ਅਥਵਾ ਸੁੰਦਰਤਾ ਰੂਹ ਨੂੰ ਖੁਸ਼ੀ ਪ੍ਰਦਾਨ ਕਰਦੀ ਹੈ। ਪਰ ਉਸ ਸੁੰਦਰਤਾ ਜਾਂ ਹੁਸਨ ਨੂੰ ਹੁਸਨ ਨਹੀਂ ਕਿਹਾ ਜਾ ਸਕਦਾ ਜਿਹੜਾ ਲੱਖਾਂ ਗ਼ਰੀਬਾਂ ਅਤੇ ਮਜ਼ਦੂਰਾਂ ਦੇ ਹੰਝੂਆਂ ਤੇ ਪਲਦਾ ਹੈ ਅਥਵਾ ਜਿਸ ਨੂੰ ਜਿਉਂਦਾ ਰੱਖਣ ਲਈ ਲੱਖਾਂ ਗ਼ਰੀਬਾਂ ਅਤੇ ਮਜ਼ਦੂਰਾਂ ਦੇ ਹੰਝੂ ਵਗਦੇ ਰਹਿਣ। ਸ਼ਾਹ ਜਹਾਨ ਵੱਲੋਂ ਆਪਣੀ ਪਤਨੀ ਮੁਮਤਾਜ਼ ਦੀ ਯਾਦ ਵਿੱਚ ਬਣਵਾਇਆ ਤਾਜਮਹੱਲ ਭਾਵੇਂ ਸੰਸਾਰ ਦੇ ਅਜੂਬਿਆਂ ਵਿੱਚੋਂ ਇੱਕ ਹੈ ਪਰ ਬਣਵਾਉਣ ਸਮੇਂ ਬਣਵਾਉਣ ਵਾਲੇ ਮਜ਼ਦੂਰਾਂ ਤੇ ਬਹੁਤ ਜ਼ੁਲਮ ਕੀਤਾ ਗਿਆ ਸੀ। ਕਵੀ ਨੇ ਪਹਿਲੇ ਹਿੱਸੇ ਵਿੱਚ ਤਾਜਮਹਲ ਦੀ ਸੁੰਦਰਤਾ ਨੂੰ ਬਿਆਨ ਕੀਤਾ ਹੈ ਤੇ ਅਗਲੇ ਹਿੱਸੇ ਵਿੱਚ ਮਜ਼ਦੂਰਾਂ ਦੇ

## ਵਿਧੀ :-

ਕਵਿਤਾ ਜਮਾਤ ਵਿੱਚ ਬੱਚਿਆਂ ਤੋਂ ਪੜ੍ਹਵਾਈ ਜਾਵੇਗੀ। ਔਖੇ ਸ਼ਬਦਾਂ ਦੇ ਅਰਥ ਸਮਝਾਏ ਜਾਣਗੇ। ਕਵਿਤਾ ਦੀ ਵਿਆਖਿਆਤਮਕ ਵਿਧੀ ਰਾਹੀਂ ਸਮਝਾਈ ਜਾਵੇਗੀ। ਅਭਿਆਸ ਵਿੱਚ ਆਏ ਪ੍ਰਸ਼ਨ ਬੱਚਿਆਂ ਨੂੰ ਸਮਝਾਏ ਜਾਣਗੇ। ਔਖੇ ਸ਼ਬਦ ਸਮਝਾਏ ਜਾਣ ਗੇ।

## ਰਚਨਾਤਮਕ-ਕਾਰਜ :-

ਆਪਣੇ ਸ਼ਹਿਰ ਵਿੱਚ ਸਥਿਤ ਕੋਈ ਇਮਾਰਤਾਂ ਜਿਵੇਂ-ਕਾਲਜ ਕਿਲ੍ਹਾ ਦੀ ਜਾਣਕਾਰੀ ਇੱਕਠੀ ਕਰਨ ਲਈ ਕਿਹਾ ਜਾਵੇਗਾ।

## ਘਰ ਦਾ ਕੰਮ :-

ਕਵਿਤਾ ਤਾਜਮਹੱਲ ਨਾਲ ਸੰਬੰਧਿਤ assignment ਘਰੋਂ ਕਰਨ ਲਈ ਕਿਹਾ ਜਾਵੇਗਾ।

—o—

# ਪਾਠ ਯੋਜਨਾ

## "ਰਜਾਈ- ਸਾਂਝ"

ਰਚਨਾਕਾਰ- ਸੁਜਾਨ ਸਿੰਘ

**ਸਹਾਇਕ- ਸਮੱਗਰੀ :-** ਪਾਠ-ਪੁਸਤਕ (ਕਾਲਜੀ ਪੰਜਾਬੀ 12), ਬਲੈਕ- ਬੋਰਡ, ਚਾਕ, ਡਸਟਰ, ਸਮਾਰਟ ਬੋਰਡ, ਰੰਗ ਤਸਵੀਰਾਂ ਅਤੇ ਚਾਰਟ।

**ਪਾਠ ਦਾ ਉਦੇਸ਼ :-** ਬੱਚਿਆਂ ਨੂੰ ਪੁਰਾਤਨ ਸਮੇਂ ਨਾਲ ਜੋੜਨਾ। ਸਮਾਂ ਬਿਤੀਤ ਨਾਲ ਭਾਵੇਂ ਅਸੀਂ ਬਹੁਤ ਤਰੱਕੀ ਕਰ ਲਈ ਹੈ ਪਰ ਫਿਰ ਵੀ ਸਾਨੂੰ ਆਪਣੀਆਂ ਜੜ੍ਹਾਂ ਨੂੰ ਨਹੀਂ ਭੁਲਣਾ ਚਾਹੀਦਾ। ਰਜਾਈ ਰਾਹੀਂ ਇਹ ਵੀ ਦੱਸਿਆ ਗਿਆ ਹੈ ਕਿ ਪੁਰਾਣੇ ਸਮੇਂ ਵਿੱਚ ਕਿਸ ਤਰ੍ਹਾਂ ਲੋਕਾਂ ਵਿੱਚ ਆਪਸੀ ਸਾਂਝ ਹੁੰਦੀ ਸੀ ਜੋ ਅੱਜਕਲ ਦੇ ਲੋਕਾਂ ਵਿੱਚ ਦਿਖਾਈ ਨਹੀਂ ਦਿੰਦੀ।

**ਪੂਰਵ- ਗਿਆਨ ਦੀ ਪਰਖ :-**

1. ਸਾਇਕਲ ਦੀ ਕਾਢ ਕਿਸ ਨੇ ਤੇ ਕਦੋਂ ਕੀਤੀ?

2. ਪੁਰਾਣੇ ਸਮੇਂ ਵਿਚ ਲੋਕਾਂ ਦੇ ਆਰਥਿਕ ਹਾਲਾਤ ਕਿਹੋ ਜਿਹੇ ਸਨ?

3. ਕਾਮੀ ਕਿਸ ਨੂੰ ਆਖਦੇ ਹਨ?

4. ਕੀ ਇੱਕ ਗਰੀਬ ਦੇ ਮਨ ਵਿਚ ਦੂਸਰੇ ਗਰੀਬ ਲਈ ਕੋਈ ਸਾਂਝ ਹੁੰਦੀ ਹੈ?

ਸ਼ਬਦਾਵਲੀ :-

ਵਾਹਵਾ, ਵਿੰਗ ਤੜਿੰਗਾ, ਪਹੀਆਂ, ਪਕਾਰੀ, ਛਣਕਾਂਗ, ਸਰ ਕਰਨਾ, ਪੈਂਪਰੀ, ਪਰੇਰੀ, ਲੱਕ, ਤੰਦ, ਸੁੰਤੇਸਿਧ, ਤਕਰੀਰ, ਨਗੂਦੀ, ਤੌਂਦੀ, ਪਿਛਾਂਹ, ਸੁਰਤਾਜ।

ਵਿਸ਼ਾ :-

ਸਾਂਝ ਕਹਾਣੀ ਸੁਜਾਨ ਸਿੰਘ ਦੀ ਲਿਖੀ ਹੋਈ ਹੈ। ਇਸ ਕਹਾਣੀ ਦਾ ਵਿਸ਼ਾ ਦੁੱਖਾਂ-ਸੁੱਖਾਂ ਨੂੰ ਆਪਸੀ ਭਾਈਚਾਰਕ ਸਾਂਝ ਦੁਆਰਾ ਵੰਡਣ ਦੀ ਭਾਵਨਾ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ ਸਧਾਰਨ ਮਨੁੱਖ ਦੀ ਚੰਗੀ ਮਾਨਸਿਕਤਾ ਅਤੇ ਸਮਾਜ ਦੀ ਤਸਵੀਰ ਨੂੰ ਉਜਾਗਰ ਕਰਦੀ ਹੈ। ਕਈ ਵਾਰੀ ਮਨੁੱਖ ਆਪਣੀਆਂ ਲੋੜਾਂ ਦੀ ਕਿਵੇਂ ਦੀ ਮਦਦ

## ਵਿਧੀ :-

ਕਹਾਣੀ ਬੱਚਿਆਂ ਤੋਂ ਪੜ੍ਹਵਾਈ ਜਾਵੇਗੀ। ਨਾਲ ਨਾਲ ਔਖੇ ਸ਼ਬਦਾਂ ਦੇ ਅਰਥ ਸਮਝਾਏ ਜਾਣਗੇ। ਕਹਾਣੀ ਰੋਚਕ ਤਰੀਕੇ ਨਾਲ ਸਮਝਾਈ ਜਾਵੇਗੀ। ਕਹਾਣੀ ਦੌਰਾਨ ਪ੍ਰਸ਼ਨ ਵੀ ਪੁੱਛੇ ਜਾਣਗੇ। ਕਹਾਣੀ ਵਿਸਥਾਰ ਪੂਰਵਕ ਢੰਗ ਨਾਲ ਸਮਝਾਈ ਜਾਵੇਗੀ। ਅਭਿਆਸ ਵਿਚ ਦਿੱਤੇ ਪ੍ਰਸ਼ਨ ਮੌਖਿਕ ਰੂਪ ਵਿਚ ਸਮਝਾਏ ਜਾਣਗੇ।

## ਰਚਨਾਤਮਕ ਕਾਰਜ :-

ਕਹਾਣੀ ਦੇ ਪਾਤਰਾਂ ਦਾ ਕਿਰਦਾਰ ਨਿਭਾਉਂਦੇ ਹੋਏ ਬੱਚਿਆਂ ਨੂੰ ਵਾਦ-ਸੰਵਾਦ ਕਰਨ ਲਈ ਕਿਹਾ ਜਾਵੇਗਾ।

## ਘਰ ਦਾ ਕੰਮ :-

ਪਾਠ ਦੇ ਅਧਾਰ ਤੇ ਪ੍ਰਸ਼ਨ-ਉੱਤਰ ਦੀ assignment ਘਰੋਂ ਕਰਨ ਲਈ ਕਿਹਾ ਜਾਵੇਗਾ।

—o—

# ਪਾਠ-ਯੋਜਨਾ

## ਕਹਾਣੀ- "ਨੀਲੀ"

ਲੇਖਕ :- ਕਰਤਾਰ ਸਿੰਘ ਦੁੱਗਲ

**ਸਹਾਇਕ- ਸਮੱਗਰੀ :-** ਪਾਠ-ਪੁਸਤਕ (ਲਾਜ਼ਮੀ ਪੰਜਾਬੀ 12), ਚਕੌਰ ਬੋਰਡ, ਸਮਾਰਟ ਬੋਰਡ, ਚਾਰ, ਡਸਟਰ।

**ਪਾਠ- ਦਾ ਉਦੇਸ਼ :-** ਬੱਚਿਆਂ ਦੇ ਮਨ ਵਿੱਚ ਜਾਨਵਰਾਂ ਪ੍ਰਤੀ ਸੰਵੇਦਨਸ਼ੀਲਤਾ ਪੈਦਾ ਕਰਨੀ। ਬੱਚਿਆਂ ਨੂੰ ਇਹ ਸਮਝਾ-ਉਣਾ ਕਿ ਜਾਨਵਰ ਵੀ ਇਨਸਾਨਾਂ ਵਾਂਗ ਹਰ ਗੱਲ ਮਹਿਸੂਸ ਕਰਦੇ ਹਨ। ਮਾਂ ਭਾਵੇਂ ਇਨਸਾਨੀ ਬੱਚੇ ਦੀ ਹੋਵੇ ਜਾਂ ਕਿਸੇ ਜਾਨਵਰ ਦੀ ਹੋਵੇ ਮਾਂ, ਮਾਂ ਹੁੰਦੀ ਹੈ।

**ਪੂਰਵ-ਗਿਆਨ ਦੀ ਪਰਖ :-**

1. ਤੁਹਾਡੇ ਘਰ ਗਾਂ ਦਾ ਦੁੱਧ ਆਉਂਦਾ ਹੈ ਜਾਂ ਮੱਝ ਦਾ ਦੁੱਧ ਆਉਂਦਾ ਹੈ?

2. ਮਾਂ ਦੀ ਮਮਤਾ ਤੇ ਦੋ ਸਤਰਾਂ ਬੋਲੋ।

3. ਕੀ ਇਨਸਾਨ ਦੀ ਮਾਂ ਤੇ ਜਾਨਵਰ ਦੀ ਮਾਂ ਵਿੱਚ ਕੋਈ ਫਰਕ ਹੁੰਦਾ ਹੈ?

ਸ਼ਬਦਾਵਲੀ:-

ਹਿੰਮਤ, ਬਾਗਾਂ, ਗਵਾਚਾ, ਤਾਵਲੀ-ਤਾਵਲੀ, ਸੁਰਖ਼ਰੂ, ਸਕਰਣੇ, ਸਕੁਰਣੀ, ਨਿਸੋਕ੍ਰਦ, ਨਾਗਾ ਹੋਣਾ, ਕਿੰਚਣਾ, ਟੂਕੀ ਭਰ, ਢੁਕਾਸਣਾ, ਪੰਸਾਂ ਸਾਹਣਾ, ਫਾਂਤ ਟਾਂਤ ਆਦਿ।

ਵਿਸ਼ਾ:-

ਜੀਵੀ ਕਹਾਣੀ ਕਰਤਾਰ ਸਿੰਘ ਦੁੱਗਲ ਦੀ ਰਚਨਾ ਹੈ। ਇਸ ਕਹਾਣੀ ਵਿੱਚ ਕਹਾਣੀਕਾਰ ਨੇ ਪਸ਼ੂਆਂ ਦੀ ਮਾਨਸਿਕਤਾ ਅਤੇ ਮਨੁੱਖ ਦੇ ਸਵਾਰਥੀਪੁਣੇ ਨੂੰ ਪੇਸ਼ ਕੀਤਾ ਹੈ। ਜੀਵੀ ਇੱਕ ਗੋਰੇ ਰੰਗ ਦੀ ਗਾਂ ਹੈ। ਉਹ ਸਿਹਤਮੰਦ ਹੈ ਤੇ ਚੰਗਾ ਦੁੱਧ ਦਿੰਦੀ ਹੈ। ਚੌਧਰ ਦੀ ਪਤਨੀ ਅਨੁਸਾਰ ਜੇਕਰ ਗਾਂ ਨੂੰ ਚੰਗੀ ਖੁਰਾਕ ਮਿਲੇਗੀ ਤਾਂ ਉਹ ਚੰਗਾ ਦੁੱਧ ਦੇਵੇਗੀ। ਚੌਧਰ ਦੀ ਪਤਨੀ ਧਿਆਨ ਰੱਖਦੀ ਹੈ ਕਿ ਨਵਾਬਾ ਜੀਵੀ ਨੂੰ ਚੰਗੀ ਖੁਰਾਕ ਪਾਵੇ। ਜੀਵੀ ਦੇ ਕੁੱਖ ਤੋਂ ਵੱਛੀ ਜਨਮ ਲੈਂਦੀ ਹੈ ਨਵਾਬਾ ਸਾਰਾ ਦੁੱਧ ਚੋਅ ਲੈਂਦਾ ਹੈ ਵੱਛੀ ਵਾਸਤੇ ਦੁੱਧ ਦੀ ਕਣੀ ਛੱਡਦਾ। ਧਿਆਨ ਨਾ ਦੇਣ ਕਾਰਨ ਵੱਛੀ ਮਰ ਜਾਂਦੀ ਹੈ। ਜੀਵੀ

ਆਪਣੀ ਬੱਚੀ ਦੇ ਸ਼ੌਕ ਵਿੱਚ ਸ਼ੌਕ ਜੋੜਾ ਚੋਣ ਕਰ ਦਿੰਦੀ ਹੈ ਤੇ ਬਾਕੀ ਪੈਸਾ ਦੀ ਬੱਚਤ ਕਰਦੀ ਹੈ।

**ਵਿਧੀ :-**

ਕਹਾਣੀ ਵਿਆਖਿਆਤਮ ਤਰੀਕੇ ਨਾਲ ਸਮਝਾਈ ਜਾਵੇਗੀ ਪੜ੍ਹਦੇ ਸਮੇਂ ਬੱਚਿਆਂ ਦੇ ਉਚਾਰਨ ਵੱਲ ਧਿਆਨ ਦਿੱਤਾ ਜਾਵੇਗਾ। ਔਖੇ ਸ਼ਬਦਾਂ ਦੇ ਅਰਥ ਦੱਸੇ ਜਾਣਗੇ।

**ਰਚਨਾਤਮ-ਕਾਰਜ :-**

ਆਪਣੇ ਘਰ ਰੱਖੇ ਕਿਸੇ ਵੀ ਪਾਲਤੂ ਪਸ਼ੂ ਬਾਰੇ ਲਿਖਣ ਲਈ ਕਿਹਾ ਜਾਵੇਗਾ।

**ਘਰ ਦਾ ਕੰਮ :-**

ਪਾਠ ਦੇ ਆਧਾਰ ਤੇ ਪ੍ਰਸ਼ਨ-ਉੱਤਰਾਂ ਦੀ assignment ਘਰੋਂ ਕਰਨ ਲਈ ਕਿਹਾ ਜਾਵੇਗਾ।

—o—